# ਕਾਰਬਨ ਮੋਨੋਓਕਸਾਈਡ ਅਤੇ ਗੈਸ ਸੰਬੰਧੀ ਸੁਰੱਖਿਆ

## ਕਾਰਬਨ ਮੋਨੋਓਕਸਾਈਡ ਕੀ ਹੈ?

ਕਾਰਬਨ ਮੋਨੋਓਕਸਾਈਡ (CO) ਇੱਕ ਰੰਗਹੀਨ, ਗੰਧਹੀਨ, ਸਵਾਦਹੀਨ, ਜ਼ਹਿਰੀਲੀ ਗੈਸ ਹੈ ਜੋ ਕਾਰਬਨ ਅਧਾਰਿਤ ਫਿਊਲ (ਗੈਸ, ਤੇਲ, ਲੱਕੜੀ, ਪੈਟ੍ਰੋਲ ਅਤੇ ਕੋਇਲਾ ਰਹਿਤ) ਦੇ ਅੱਧੇ ਮੱਚਣ ਤੋਂ ਪੈਦਾ ਹੁੰਦੀ ਹੈ।

ਕਿਉਂਕਿ ਤੁਸੀਂ ਇਸ ਨੂੰ ਵੇਖ ਨਹੀਂ ਸਕਦੇ, ਇਸ ਦਾ ਸੁਆਦ ਨਹੀਂ ਲੈ ਸਕੇ ਜਾਂ ਇਸ ਨੂੰ ਸੁੰਘ ਨਹੀਂ ਸਕਦੇ, ਇਹ ਬਹੁਤ ਜ਼ਿਆਦਾ ਖ਼ਤਰਨਾਕ ਹੈ ਅਤੇ ਕੁਝ ਸਥਿਤੀਆਂ ਵਿੱਚ ਜਲਦੀ ਅਤੇ ਬਿਨਾਂ ਕਿਸੇ ਚਿਤਾਵਨੀ ਦੇ ਜਾਨ ਲੈ ਸਕਦੀ ਹੈ।

## ਕਾਰਬਨ ਮੋਨੋਓਕਸਾਈਡ ਦੇ ਜ਼ਹਿਰਵੇ ਦੇ ਲੱਛਣ




### CO ਦੇ ਲੱਛਣ

- ਜ਼ਿਆਦਾਤਰ ਹੀਟਿੰਗ ਉਪਕਰਣਾਂ 'ਤੇ ਅੱਗ ਦੀਆਂ ਲਪਟਾਂ ਤਿੱਖੀਆਂ ਅਤੇ ਨੀਲੀਆਂ ਹੋਣਗੀਆਂ।
- ਪੀਲੀਆਂ ਜਾਂ ਨੀਲੀਆਂ ਲਪਟਾਂ ਦੀ ਜਾਂਚ ਕਿਸੇ ਪੇਸ਼ੇਵਰ ਤੋਂ ਕਰਵਾਈ ਜਾਣੀ ਚਾਹੀਦੀ ਹੈ
- ਉਪਕਰਣਾਂ 'ਤੇ ਦਾਗ, ਕਾਲਸ ਜਾਂ ਬੇਰੰਗਤਾ 'ਤੇ ਧਿਆਨ ਰੱਖੋ
- ਵਧਦੇ ਹੋਏ ਸੰਖੇਪਣ 'ਤੇ ਧਿਆਨ ਦਿਓ
- ਪਾਇਲਟ ਲਾਈਟ ਵਾਰ-ਵਾਰ ਬੁਝ ਜਾਂਦੀ ਹੈ

ਜੇਕਰ ਤੁਸੀਂ ਚਿੰਤਤ ਹੋ ਕਿ ਤੁਹਾਡੇ ਘਰ ਵਿੱਚ CO ਮੌਜੂਦ ਹੈ ਜਾਂ CO ਦੇ ਜ਼ਹਿਰਵੇ ਦੇ ਲੱਛਣ ਨਜ਼ਰ ਆਉਂਦੇ ਹਨ ਤਾਂ ਤੁਰੰਤ **0800 111 999** 'ਤੇ ਨੈਸ਼ਨਲ ਗੈਸ ਐਮਰਜੈਂਸੀ ਸੇਵਾ ਨਾਲ ਸੰਪਰਕ ਕਰੋ।

# CO ਦੇ ਖ਼ਤਰਿਆਂ ਤੋਂ ਕਿਵੇਂ ਸੁਰੱਖਿਅਤ ਰਹੀਏ

- ਕਿਸੇ ਯੋਗ ਪੇਸ਼ੇਵਰ ਤੋਂ ਕੋਇਲਾ, ਤੇਲ ਅਤੇ ਕੁਦਰਤੀ ਗੈਸ ਉਡਕਰਣਾਂ ਦੀ ਸਲਾਨਾ ਜਾਂਚ ਕਰਵਾਓ
- ਇੱਕ ਸੁਣਨਯੋਗ ਕਾਰਬਨ ਮੋਨੋਓਕਸਾਈਡ ਅਲਾਰਮ ਫਿੱਟ ਕਰੋ ਅਤੇ ਹਮੇਸ਼ਾਂ ਨਿਰਮਾਤਾ ਦੇ ਨਿਰਦੇਸ਼ਾਂ ਦੀ ਪਾਲਣਾ ਕਰੋ
- ਨਿਰਮਾਤਾ ਦੇ ਨਿਰਦੇਸ਼ਾਂ ਦੇ ਅਨੁਸਾਰ ਨਿਯਮਿਤ ਤੌਰ 'ਤੇ ਆਪਣੇ ਕਾਰਬਨ ਮੋਨੋਓਕਸਾਈਡ ਅਲਾਰਮ ਦੀ ਜਾਂਚ ਕਰੋ ਅਤੇ ਜ਼ਰੂਰਤ ਪੈਣ 'ਤੇ ਬੈਟਰੀ/ਅਲਾਰਮ ਬਦਲੋ
- ਯਕੀਨੀ ਬਣਾਓ ਕਿ ਉਪਕਰਣਾਂ ਲਈ ਕਾਫ਼ੀ ਵੇਂਟੀਲੇਸ਼ਨ ਹੈ ਅਤੇ ਹਵਾ ਦੇ ਵੇਂਟ ਬੰਦ ਨਾ ਹੋਣ
- ਜੇਕਰ ਤੁਹਾਨੂੰ CO ਜਾਂ ਤੁਹਾਡੇ CO ਅਲਾਰਮ ਬੱਜਣ ਦਾ ਸ਼ੱਕ ਹੋਵੇ ਤਾਂ ਉਪਕਰਣ ਬੰਦ ਕਰ ਦਿਓ ਅਤੇ ਤੁਰੰਤ ਸਹਾਇਤਾ ਪ੍ਰਾਪਤ ਕਰੋ
- ਉਚਿਤ ਵੇਂਟੀਲੇਸ਼ਨ ਦੇ ਬਿਨਾਂ ਕਦੇ ਵੀ BBQ ਜਾਂ ਪੋਰਟੇਬਲ ਹੀਟਰ ਨੂੰ ਕਿਸੇ ਬੰਦ ਥਾਂ 'ਤੇ ਨਾ ਲਾਓ

## ਗੈਸ ਐਮਰਜੈਂਸੀ

SGN ਤੁਹਾਡੇ ਖੇਤਰ ਵਿੱਚ ਨੈਸ਼ਨਲ ਗੈਸ ਐਮਰਜੈਂਸੀ ਪ੍ਰਤੀਕਿਰਿਆ ਪ੍ਰਦਾਨ ਕਰਦਾ ਹੈ।
ਜੇਕਰ ਤੁਸੀਂ ਗੈਸ ਲੀਕੇਜ ਜਾਂ CO ਚਿੰਤਾ ਦੀ ਰਿਪੋਰਟ ਕਰਦੇ ਹੋ ਤਾਂ ਉਹਨਾਂ ਦੇ ਇੰਜੀਨੀਅਰ 24 ਘੰਟੇ ਸੇਵਾ ਪ੍ਰਦਾਨ ਕਰਦੇ ਹਨ ਅਤੇ ਸਥਿਤੀ ਨੂੰ ਸੁਰੱਖਿਅਤ ਬਣਾਉਣ ਵਾਸਤੇ ਹਾਜ਼ਰ ਰਹਿੰਦੇ ਹੋ।

**ਜੇਕਰ ਤੁਹਾਨੂੰ ਗੈਸ ਦੀ ਗੰਧ ਆਉਂਦੀ ਹੈ ਤਾਂ ਇਹਨਾਂ ਛੇ ਕਦਮਾਂ ਦੀ ਪਾਲਣਾ ਕਰੋ:**

✓ ਗੈਸ ਨੂੰ ਹਵਾਦਾਰ ਬਣਾਉਣ ਵਾਸਤੇ ਖਿੜਕੀਆਂ ਅਤੇ ਦਰਵਾਜ਼ੇ ਜ਼ਰੂਰ ਖੋਲ੍ਹੋ

✓ ਮੀਟਰ 'ਤੇ ਗੈਸ ਦੀ ਸਪਲਾਈ ਬੰਦ ਕਰ ਦਿਓ ਅਤੇ ਯਕੀਨੀ ਬਣਾਓ ਕਿ ਕੋਈ ਵੀ ਗੈਸ ਉਪਕਰਣ ਬੰਦ ਹੋਣ

✓ **0800 111 999'ਤੇ ਨੈਸ਼ਨਲ ਗੈਸ ਐਮਰਜੈਂਸੀ ਨੰਬਰ ਨੂੰ** ਕਾਲ ਕਰੋ। ਲਾਈਨਾਂ ਦਿਨ ਦੇ 24 ਘੰਟੇ, ਸਾਲਾ ਦੇ 365 ਦਿਨ ਖੁੱਲ੍ਹੀਆਂ ਰਹਿੰਦੀਆਂ ਹਨ

✗ ਸਿਗਰਟਨੋਸ਼ੀ ਨਾ ਕਰੋ ਜਾਂ ਕਿਸੇ ਵੀ ਬਿਨਾਂ ਢਕੀਆਂ ਲਪਟਾਂ ਦੀ ਵਰਤੋਂ ਨਾ ਕਰੋ

✗ ਕੋਈ ਵਿੱਚ ਬਿਜਲੀ ਸਵਿੱਚਾਂ ਨੂੰ ਨਾ ਛੂਹੋ। ਸਵਿੱਚ ਨੂੰ ਚਾਲੂ ਜਾਂ ਬੰਦ ਕਰਨ ਨਾਲ ਗੈਸ ਲੀਕੇਜ ਹੋ ਸਕਦੀ ਹੈ

✗ ਜੇਕਰ ਤੁਹਾਨੂੰ ਗੈਸ ਦੀ ਗੰਧ ਆਉਂਦੀ ਹੈ ਤਾਂ ਤਹਿਖਾਨੇ ਵਿੱਚ ਦਾਖ਼ਲ ਨਾ ਹੋਵੋ, ਭਾਵੇਂ ਤੁਹਾਡਾ ਗੈਸ ਮੀਟਰ ਤਹਿਖਾਨੇ ਵਿੱਚ ਹੋਵੇ

SGN
Your gas. Our network.